# ਸਰਦੀਆਂ ਲਈ ਤਿਆਰੀ ਕਰਨੀ

TRUCKING INDUSTRY SAFETY

ਜਿਵੇਂ-ਜਿਵੇਂ ਅਸੀਂ ਸਰਦੀਆਂ ਦੇ ਮੌਸਮ ਦੇ ਨੇੜੇ ਆਉਂਦੇ ਹਾਂ, ਸਾਨੂੰ ਮੌਸਮੀ ਖ਼ਤਰਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ ਜੋ ਨਿੱਜੀ ਸੁਰੱਖਿਆ ਅਤੇ ਸੰਚਾਲਨ ਕੁਸ਼ਲਤਾ ਦੋਵਾਂ 'ਤੇ ਅਸਰ ਪਾ ਸਕਦੇ ਹਨ। ਸਰਦੀਆਂ ਦੀਆਂ ਸਥਿਤੀਆਂ ਕਈ ਤਰ੍ਹਾਂ ਦੇ ਜੋਖਮ ਪੇਸ਼ ਕਰਦੀਆਂ ਹਨ — ਸੜਕ ਦੀਆਂ ਸਥਿਤੀਆਂ ਅਤੇ ਤਿਲਕਣ ਵਾਲੀਆਂ ਸਤਹਾਂ ਤੋਂ ਲੈ ਕੇ ਠੰਡ ਦਾ ਤਣਾਅ ਅਤੇ ਉਪਕਰਣ ਦੀਆਂ ਚੁਣੌਤੀਆਂ — ਜਿਨ੍ਹਾਂ ਸਾਰਿਆਂ ਲਈ ਸੋਚ-ਸਮਝ ਕੇ ਯੋਜਨਾਬੰਦੀ ਅਤੇ ਰੋਕਥਾਮ ਉਪਾਵਾਂ ਦੀ ਲੋੜ ਹੁੰਦੀ ਹੈ।

## ਖ਼ਤਰੇ

- ਘਟੇ ਹੋਏ ਦਿਨ ਦੇ ਪ੍ਰਕਾਸ਼ ਦੇ ਘੰਟੇ:
  - o ਛੋਟੇ ਦਿਨਾਂ ਦੇ ਨਤੀਜੇ ਵਜੋਂ ਸੀਮਤ ਕੁਦਰਤੀ ਰੋਸ਼ਨੀ ਹੁੰਦੀ ਹੈ, ਜਿਸ ਨਾਲ ਯਾਰਡਾਂ, ਲੋਡਿੰਗ ਖੇਤਰਾਂ, ਅਤੇ ਸੜਕ 'ਤੇ ਦਿਖ਼ਸ਼ਟਤਾ ਘੱਟ ਜਾਂਦੀ ਹੈ।
- ਬਰਫ ਨਾਲ ਢੱਕੇ ਪੈਦਲ ਰਸਤੇ ਅਤੇ ਯਾਰਡ:
  - o ਬਰਫ ਇਕੱਠੀ ਹੋਣ ਨਾਲ ਸੜਕ ਦੇ ਕਿਨਾਰੇ, ਉਪਕਰਣ ਅਤੇ ਹੋਰ ਰੁਕਾਵਟਾਂ ਲੁੱਕ ਸਕਦੀਆਂ ਹਨ, ਜਿਸ ਨਾਲ ਬਰਫ ਹਟਾਉਣ ਦੇ ਦੌਰਾਨ ਠੋਕਰ ਲੱਗਣ, ਡਿੱਗਣ, ਜਾਂ ਨੁਕਸਾਨ ਦਾ ਜੋਖਮ ਵੱਧ ਜਾਂਦਾ ਹੈ।
- ਤਿਲਕਣ ਵਾਲੀਆਂ ਸਤਹਾਂ:
  - o ਆਈਸ ਅਤੇ ਖਚਾਖਚ ਭਰੀ ਬਰਫ ਡ੍ਰਾਈਵਰਾਂ ਅਤੇ ਯਾਰਡ ਦੇ ਕਰਮਚਾਰੀਆਂ ਲਈ ਖ਼ਤਰੇ ਪੈਦਾ ਕਰਦੀ ਹੈ।
- ਠੰਡਾ ਮੌਸਮ:
  - o ਘੱਟ ਤਾਪਮਾਨ ਦੇ ਸੰਪਰਕ ਵਿੱਚ ਆਉਣ ਨਾਲ ਠੰਡ ਨਾਲ ਸੰਬੰਧਿਤ ਬਿਮਾਰੀਆਂ ਹੋ ਸਕਦੀਆਂ ਹਨ ਜਿਵੇਂ ਕਿ ਫ੍ਰੋਸਟਬਾਈਟ ਅਤੇ ਹਾਈਪੋਥਰਮੀਆ।



- ਹੀਟਰ ਅਤੇ ਫਰਨੇਸ ਦੀਆਂ ਅੱਗਾਂ:
  - o ਤਾਪ ਦੇ ਸਰੋਤਾਂ ਦੇ ਆਲੇ-ਦੁਆਲੇ ਸਾਫ਼-ਸਫ਼ਾਈ ਦੀ ਘਾਟ ਅੱਗ ਦੇ ਖ਼ਤਰਿਆਂ ਦਾ ਕਾਰਨ ਬਣ ਸਕਦੀ ਹੈ।
- ਸਰਦੀਆਂ ਵਿੱਚ ਡ੍ਰਾਈਵਿੰਗ
  - o ਬਰਫ, ਆਈਸ, ਅਤੇ ਮਾੜੀ ਦ੍ਰਿਸ਼ਟਤਾ ਯਾਤਰਾ ਦੇ ਸਮੇਂ ਨੂੰ ਵਧਾਏਗੀ ਕਿਉਂਕਿ ਡਰਾਈਵਰ ਆਪਣੇ ਵਿਵਹਾਰ ਨੂੰ ਸਥਿਤੀਆਂ ਦੇ ਅਨੁਸਾਰ ਵਿਵਸਥਿਤ ਕਰਦੇ ਹਨ।

## ਨਿਯੰਤ੍ਰਣ

- ਰੋਸ਼ਨੀ ਅਤੇ ਦ੍ਰਿਸ਼ਟਤਾ
  - o ਪੁਸ਼ਟੀ ਕਰੋ ਕਿ ਸਾਰੀ ਬਾਹਰੀ ਰੋਸ਼ਨੀ ਕੰਮ ਕਰ ਰਹੀ ਹੈ ਅਤੇ ਕੰਮ ਦੇ ਖੇਤਰਾਂ, ਯਾਰਡਾਂ ਅਤੇ ਪਾਰਕਿੰਗ ਸਥਾਨਾਂ ਲਈ ਢੁਕਵੀ ਕਵਰੇਜ ਪਰ੍ਦਾਨ ਕਰਦੀ ਹੈ।
- ਬਰਫ ਅਤੇ ਆਈਸ ਦੀ ਸਫ਼ਾਈ
  - o ਨੁਕਸਾਨ ਜਾਂ ਸੱਟ ਤੋਂ ਬਚਣ ਲਈ ਨੀਵੀਆਂ ਰੁਕਾਵਟਾਂ ਦਾ ਮੁਆਇਨਾ ਕਰੋ ਅਤੇ ਉਹਨਾਂ ਨੂੰ ਝੰਡਿਆਂ ਜਾਂ ਡੈਲੀਨੇਟਰਾਂ ਨਾਲ ਸਪਸ਼ਟ ਤਰਹ੍ਹਾਂ ਨਾਲ ਚਿੰਨਿਹ੍ਤ ਕਰੋ।
  - o ਪੁਸ਼ਟੀ ਕਰੋ ਕਿ ਤੁਹਾਡੀ ਬਰਫ ਸਾਫ਼ ਕਰਨ ਦੀ ਯੋਜਨਾ ਨਿਯਤ ਅਤੇ ਦੱਸੀ ਗਈ ਹੈ।
  - o ਤਿਲਕਣ ਦੇ ਖ਼ਤਰਿਆਂ ਨੂੰ ਘਟਾਉਣ ਲਈ ਬਰਫ ਪਿਘਲਾਉਣ ਅਤੇ ਰੇਤ ਨੂੰ ਪੂਰੀ ਵਰਕਸਾਈਟ ਵਿੱਚ ਵੰਡੋ।



- ਸਰਦੀਆਂ ਦੇ ਕੰਮ ਕਰਨ ਦੇ ਕੱਪੜੇ ਅਤੇ PPE
  - o ਪੁਸ਼ਟੀ ਕਰੋ ਕਿ ਸਾਰੇ ਸਟਾਫ਼ ਕੋਲ ਸਰਦੀਆਂ ਦਾ ਢੁਕਵਾਂ ਸਮਾਨ ਹੈ, ਜਿਸ ਵਿੱਚ ਸ਼ਾਮਲ ਹਨ:
    - » ਸਰਦੀਆਂ ਵਿੱਚ ਕੰਮ ਕਰਨ ਵਾਲੇ ਬੂਟ (ਤਿਲਕਣ-ਰੋਧਕ ਤਲਿਆਂ ਦੇ ਨਾਲ ਇਨਸੁਲੇਟਿਡ, ਵਾਟਰਪਰੂਫ ਬੂਟ ਪਹਿਨੋ
    - » ਸਰਦੀਆਂ ਲਈ ਬਣਾਏ PPE (ਦਸਤਾਨੇ, ਜੈਕਟਾਂ, ਆਦਿ)
    - » ਆਈਸ ਕਲੀਟਸ (ਟ੍ਰੈਕਸ਼ਨ ਸਹਾਇਕ ਸਾਧਨ)
- ਹੀਟਰ ਅਤੇ ਫਰਨੇਸ ਦੀਆਂ ਜਾਂਚਾਂ
  - o ਜਾਂਚ ਕਰੋ ਕਿ ਉਹ ਪੂਰੀ ਤਰ੍ਹਾਂ ਕੰਮ ਕਰ ਰਹੇ ਹਨ ਅਤੇ ਚੰਗੀ ਕੰਮ ਕਰਨ ਦੀ ਸਥਿਤੀ ਵਿੱਚ ਹਨ।
  - o ਜਲਣਸ਼ੀਲ ਸਮੱਗਰੀਆਂ ਤੋਂ ਘੱਟੋ-ਘੱਟ ਕਲੀਅਰੈਂਸ ਬਣਾ ਕੇ ਰੱਖੋ
    - » ਫੋਰਸਡ-ਏਅਰ ਫਰਨੇਸਾਂ ਦੇ ਦੁਆਲੇ 61 ਸੈਂਟੀਮੀਟਰ (24 ਇੰਚ)
    - » ਯੂਨਿਟ ਹੀਟਰਾਂ ਦੇ ਦੁਆਲੇ 61 ਸੈਂਟੀਮੀਟਰ (24 ਇੰਚ)
    - » ਇਲੈਕਟ੍ਰਿਕ ਹੀਟਰਾਂ ਦੇ ਦੁਆਲੇ 21 ਸੈਂਟੀਮੀਟਰ (12 ਇੰਚ)
- ਵਾਹਨ ਦੀ ਸਰਦੀਆਂ ਲਈ ਤਿਆਰੀ
  - o ਸਨੋ ਬੁਰਸ਼
  - o ਆਈਸ ਸਕ੍ਰੈਪਰ
  - o ਐਕਸਟੈਨਸ਼ਨ ਕੋਰਡਾਂ
  - o ਬੇਲਚੇ
  - o ਐਮਰਜੈਂਸੀ ਕੰਬਲ
  - o ਸਰਦੀਆਂ ਦੇ ਟਾਇਰਾਂ 'ਤੇ ਬਦਲੀ ਕਰੋ (ਜੇ ਲਾਗੂ ਹੋਵੇ)

*(ਜਾਰੀ)*



ਫ਼ੋਨ: 204-632-6600 | ਈਮੇਲ: info@rpmsafety.ca | ਵੈੱਬ: www.rpmsafety.ca

25 Bunting Street Winnipeg, MB R2X 2P5

# ਸਰਦੀਆਂ ਲਈ ਤਿਆਰੀ ਕਰਨੀ

- ਡ੍ਰਾਈਵਿੰਗ ਸੰਬੰਧੀ ਸੁਰੱਖਿਆ
  - o ਰੱਖਿਆਤਮਕ ਡ੍ਰਾਈਵਿੰਗ ਅਭਿਆਸਾਂ ਨੂੰ ਉਤਸ਼ਾਹਿਤ ਕਰੋ।
  - o ਘਟੀ ਹੋਈ ਟ੍ਰੈਕਸ਼ਨ (ਖਿੱਚ) ਅਤੇ ਦ੍ਰਿਸ਼ਟਤਾ ਦੇ ਕਾਰਨ ਯਾਤਰਾ ਵਿੱਚ ਲੱਗਣ ਵਾਲੇ ਵਾਧੂ ਸਮੇਂ ਦਾ ਧਿਆਨ ਰੱਖੋ।
- ਸਰਦੀਆਂ ਦੇ ਮੌਸਮ ਦੀਆਂ ਸੰਕਟ-ਸੂਚਨਾਵਾਂ
  - o ਵੱਖ-ਵੱਖ ਘਟਨਾਵਾਂ ਲਈ ਵਰਤੀਆਂ ਜਾਂਦੀਆਂ ਸੰਕਟ-ਸੂਚਨਾਵਾਂ ਦੀ ਕਿਸਮ ਬਾਰੇ ਸਿੱਖਿਆ:
    - » ਵਿਸ਼ੇਸ਼ ਮੌਸਮ ਦੇ ਬਿਆਨ: ਤੁਹਾਨੂੰ ਇਹ ਦੱਸਣ ਲਈ ਜਾਰੀ ਕੀਤੇ ਜਾਂਦੇ ਹਨ ਕਿ ਹਾਲਾਤ ਅਸਧਾਰਨ ਹਨ ਅਤੇ ਉਹਨਾਂ ਕਾਰਨ ਚਿੰਤਾ ਹੋ ਸਕਦੀ ਹੈ।
    - » ਅਡਵਾਈਜ਼ਰੀਆਂ: ਖਾਸ ਮੌਸਮੀ ਘਟਨਾਵਾਂ (ਜਿਵੇਂ ਕਿ ਬਰਫਬਾਰੀ, ਧੁੰਦ, ਜੰਮਣ ਵਾਲੀ ਬੂੰਦਾ-ਬਾਂਦੀ ਅਤੇ ਪਾਲਾ) ਲਈ ਜਾਰੀ ਕੀਤੀਆਂ ਜਾਂਦੀਆਂ ਹਨ ਜੋ ਘੱਟ ਗੰਭੀਰ ਹੁੰਦੀਆਂ ਹਨ, ਪਰ ਫੇਰ ਵੀ ਕੈਨੇਡੀਅਨਾਂ ਨੂੰ ਕਾਫੀ ਜ਼ਿਆਦਾ ਪਰ੍ਭਾਵਿਤ ਕਰ ਸਕਦੀਆਂ ਹਨ।
    - » ਚੌਕਸੀ: ਤੁਹਾਨੂੰ ਮੌਸਮ ਦੀਆਂ ਅਜਿਹੀਆਂ ਸਥਿਤੀਆਂ ਬਾਰੇ ਸੁਚੇਤ ਕਰਦਾ ਹੈ ਜਿੱਥੇ ਵੱਡੇ ਤੂਫਾਨ ਜਾਂ ਗੰਭੀਰ ਮੌਸਮ ਦੇ ਆਉਣ ਦੀ ਸੰਭਾਵਨਾ ਹੁੰਦੀ ਹੈ। ਜਿਵੇਂ-ਜਿਵੇਂ ਤੂਫਾਨ ਪਰ੍ਣਾਲੀ ਦੇ ਰਸਤੇ ਅਤੇ ਤਾਕਤ ਬਾਰੇ ਨਿਸ਼ਚਿਤਤਾ ਵੱਧਦੀ ਹੈ, ਕਿਸੇ ਚੌਕਸੀ ਨੂੰ ਚੇਤਾਵਨੀ ਵਿੱਚ ਵਧਾਇਆ ਜਾ ਸਕਦਾ ਹੈ।
    - » ਚਿਤਾਵਨੀਆਂ: ਜ਼ਰੂਰੀ ਸੁਨੇਹਾ ਕਿ ਗੰਭੀਰ ਮੌਸਮ ਜਾਂ ਤਾਂ ਚੱਲ ਰਿਹਾ ਹੈ ਜਾਂ ਆਉਣ ਵਾਲਾ ਹੈ। ਤੁਹਾਨੂੰ ਸੂਚਿਤ ਰੱਖਣ ਅਤੇ ਤੁਹਾਨੂੰ ਢੁਕਵੀ ਕਾਰਵਾਈ ਕਰਨ ਦੇ ਯੋਗ ਬਣਾਉਣ ਲਈ ਇਹ ਸੰਕਟ-ਸੂਚਨਾਵਾਂ ਨਿਯਮਿਤ ਤੌਰ 'ਤੇ ਅੱਪਡੇਟ ਕੀਤੀਆਂ ਜਾਂਦੀਆਂ ਹਨ।
  - o ਸੰਕਟ-ਸੂਚਨਾਵਾਂ ਸ਼੍ਰੇਣੀਆਂ (ਜਿਨ੍ਹਾਂ ਵਿੱਚੋਂ ਹਰੇਕ ਕਿਸੇ ਹੋਰ ਦੇ ਨਾਲ ਸੁਮੇਲ ਵਿੱਚ ਹੋ ਸਕਦੀ ਹੈ):
    - » ਮੀਂਹ ਪੈਣ ਦੀਆਂ ਸੰਕਟ-ਸੂਚਨਾਵਾਂ:
      - ◆ ਬਰਫਬਾਰੀ – ਕਾਫ਼ੀ ਜ਼ਿਆਦਾ ਬਰਫਬਾਰੀ।
      - ◆ ਜੰਮਣ ਵਾਲਾ ਮੀਂਹ / ਜੰਮਣ ਵਾਲੀ ਬੂੰਦਾ-ਬਾਂਦੀ – ਜਦੋਂ ਮੀਂਹ ਜਾਂ ਬੂੰਦਾ-ਬਾਂਦੀ ਸਬ-ਜ਼ੀਰੋ ਸਤਹਾਂ 'ਤੇ ਡਿੱਗਦੀ ਹੈ ਅਤੇ ਸੰਪਰਕ ਹੋਣ 'ਤੇ ਜੰਮ ਜਾਂਦੀ ਹੈ, ਜਿਸ ਨਾਲ ਬਰਫ ਦੀ ਇੱਕ ਪਰਤ ਬਣ ਜਾਂਦੀ ਹੈ।
      - ◆ ਸਰਦੀਆਂ ਦਾ ਤੂਫਾਨ – ਉਦੋਂ ਜਾਰੀ ਕੀਤੀ ਜਾਂਦੀ ਹੈ ਜਦੋਂ ਕਈ ਕਿਸਮ ਦੇ ਗੰਭੀਰ ਸਰਦੀਆਂ ਦੇ ਮੌਸਮ ਦੇ ਇਕੱਠੇ ਆਉਣ ਦੀ ਉਮੀਦ ਕੀਤੀ ਜਾਂਦੀ ਹੈ।
    - » ਠੰਡ ਦੀਆਂ ਸੰਕਟ-ਸੂਚਨਾਵਾਂ:
      - ◆ ਬਹੁਤ ਜ਼ਿਆਦਾ ਠੰਡ – ਬਹੁਤ ਜ਼ਿਆਦਾ ਠੰਡਾ ਤਾਪਮਾਨ ਜਾਂ ਬਹੁਤ ਘੱਟ ਹਵਾ ਦੇ ਠੰਡੇ ਮਾਨ।
      - ◆ ਫਲੈਸ਼ ਫ੍ਰੀਜ਼ – ਉਦੋਂ ਜਾਰੀ ਕੀਤੀ ਜਾਂਦੀ ਹੈ ਜਦੋਂ ਤਾਪਮਾਨ ਵਿੱਚ ਤੇਜ਼ੀ ਨਾਲ ਗਿਰਾਵਟ ਕਾਰਨ ਸੜਕਾਂ, ਫੁੱਟਪਾਥਾਂ, ਆਦਿ 'ਤੇ ਮੀਂਹ ਜਾਂ ਪਿਘਲੀ ਹੋਈ ਬਰਫ ਦਾ ਪਾਣੀ ਤੇਜ਼ੀ ਨਾਲ ਜੰਮ ਜਾਂਦਾ ਹੈ।
    - » ਮਾੜੀ ਦ੍ਰਿਸ਼ਟਤਾ ਦੀਆਂ ਸੰਕਟ-ਸੂਚਨਾਵਾਂ:
      - ◆ ਬਰਫੀਲਾ ਤੂਫਾਨ – ਉਦੋਂ ਜਾਰੀ ਕੀਤੀ ਜਾਂਦੀ ਹੈ ਜਦੋਂ ਹਵਾਵਾਂ ਤੋਂ ਬਰਫ ਉਡਾਉਣ ਦੀ ਉਮੀਦ ਕੀਤੀ ਜਾਂਦੀ ਹੈ, ਜਿਸ ਨਾਲ ਵਿਆਪਕ ਤੌਰ 'ਤੇ ਦਿਰ੍ਸ਼ਟਤਾ 400 ਮੀਟਰ ਜਾਂ ਇਸ ਤੋਂ ਘੱਟ ਦੀ ਰਹਿ ਜਾਂਦੀ ਹੈ।
      - ◆ ਉੱਡਦੀ ਬਰਫ – ਉਦੋਂ ਜਾਰੀ ਕੀਤੀ ਜਾਂਦੀ ਹੈ ਜਦੋਂ ਹਵਾਵਾਂ ਦੇ ਕਾਰਨ ਬਰਫ ਉੱਡਦੀ ਹੈ ਅਤੇ ਦਿਰ੍ਸ਼ਟਤਾ 800 ਮੀਟਰ ਜਾਂ ਇਸ ਤੋਂ ਘੱਟ ਦੀ ਹੋਣ ਦੀ ਉਮੀਦ ਹੁੰਦੀ ਹੈ।

## ਕਾਨੂੰਨ:

**ਸੰਘੀ**

ਕੈਨੇਡਾ ਲੇਬਰ ਕੋਡ, ਭਾਗ II

- ਸੈਕਸ਼ਨ 125(1)(z.03): ਰੁਜ਼ਗਾਰਦਾਤਾਵਾਂ ਨੂੰ ਸਾਰੀਆਂ ਸਥਿਤੀਆਂ 'ਤੇ ਵਿਚਾਰ ਕਰਦੇ ਹੋਏ ਖ਼ਤਰੇ ਦੀ ਰੋਕਥਾਮ ਦਾ ਪ੍ਰੋਗਰਾਮ ਤਿਆਰ ਕਰਨਾ ਅਤੇ ਲਾਗੂ ਕਰਨਾ ਚਾਹ ੀਦਾ ਹੈ।

ਕੈਨੇਡਾ ਵਿਵਸਾਇਕ ਸਿਹਤ ਅਤੇ ਸੁਰੱਖਿਆ ਕਨੂੰਨ

- ਸੈਕਸ਼ਨ 14.9(1): ਮੋਟਰ ਵਾਲੇ ਸਮੱਗਰੀ ਨੂੰ ਸੰਭਾਲਣ ਵਾਲੇ ਉਪਕਰਣਾਂ ਨੂੰ ਚਲਾਉਂਦੇ ਸਮੇਂ ਰੁਜ਼ਗਾਰਦਾਤਾਵਾਂ ਨੂੰ ਠੰਡੇ ਅਤੇ ਹੋਰ ਵਾਤਾਵਰਣਕ ਖ਼ਤਰਿਆਂ ਨਾਲ ਸੰਪਰਕ ਨੂੰ ਨਿਯੰਤ੍ਰਿਤ ਕਰਨਾ ਚਾਹੀਦਾ ਹੈ।

**ਸੂਬਾਈ**

ਮੈਨੀਟੋਬਾ ਵਰਕਪਲੇਸ ਸੇਫਟੀ ਐਂਡ ਹੈਲਥ ਐਕਟ:

- ਸੈਕਸ਼ਨ 4(1): ਹਰੇਕ ਰੁਜ਼ਗਾਰਦਾਤਾ, ਜਿੱਥੇ ਤੱਕ ਉਚਿਤ ਤੌਰ 'ਤੇ ਵਿਹਾਰਕ ਹੋਵੇ, ਰੁਜ਼ਗਾਰਦ ਾਤਾ ਦੇ ਸਾਰੇ ਕਰਮਚਾਰੀਆਂ ਦੀ ਕੰਮ 'ਤੇ ਸੁਰੱਖਿਆ, ਸਿਹਤ ਅਤੇ ਭਲਾਈ ਨੂੰ ਯਕੀਨੀ ਬਣਾਏਗਾ।

ਮੈਨੀਟੋਬਾ ਵਰਕਪਲੇਸ ਸੇਫਟੀ ਐਂਡ ਹੈਲਥ ਰੈਗੂਲੇਸ਼ਨ:

- ਭਾਗ 4.5(1): ਕਿਸੇ ਰੁਜ਼ਗਾਰਦਾਤਾ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਕਰਮਚਾਰੀ ਦੁਆਰਾ ਵਰਤੇ ਜਾਣ ਲਈ ਉਪਲਬਧ ਫਰਸ਼ਾਂ, ਪਲੇਟਫਾਰਮਾਂ, ਪੈਦਲ ਰਸਤਿਆਂ, ਰੈਂਪਾਂ ਅਤੇ ਪੌੜੀਆਂ ਨੂੰ ਚੰਗੀ ਮੁਰੰਮਤ ਦੀ ਸਥਿਤੀ ਵਿੱਚ ਅਤੇ ਤਿਲਕਣ ਅਤੇ ਠੋਕਰ ਖਾਣ ਦੇ ਖ਼ਤਰਿਆਂ ਤੋਂ ਮੁਕਤ ਰੱਖਿਆ ਜਾਂਦਾ ਹੈ।

## ਰੋਕਥਾਮ

ਸਰਦੀਆਂ ਦੇ ਹਾਲਾਤ ਵਧੇਰੇ ਜਾਗਰੂਕਤਾ ਅਤੇ ਤਿਆਰੀ ਦੀ ਮੰਗ ਕਰਦੇ ਹਨ। ਆਓ ਸਰਗਰਮ ਰਹੀਏ, ਖ਼ਤਰਿਆਂ ਬਾਰੇ ਦੱਸੀਏ, ਅਤੇ ਇਹ ਯਕੀਨੀ ਬਣਾਈਏ ਕਿ ਸਾਰੇ ਡ੍ਰਾਈਵਰ ਅਤੇ ਸਟਾਫ਼ ਪੂਰੇ ਸੀਜ਼ਨ ਦੌਰਾਨ ਸੁਰੱਖਿਅਤ ਢੰਗ ਨਾਲ ਕੰਮ ਕਰਨ ਲਈ ਲੈਸ ਹੋਣ।



ਖ਼ਤਰੇ ਦੀ ਪਛਾਣ ਅਤੇ ਜੋਖਮ ਨਿਯੰਤ੍ਰਣ

ਇਹ ਜਾਣਨਾ ਕਿ ਕਾਰਜ-ਸਥਾਨ 'ਤੇ ਵਰਕਰਾਂ ਨੂੰ ਕਿਵੇਂ ਸੱਟ ਲੱਗ ਸਕਦੀ ਹੈ, ਇਹ ਯਕੀਨੀ ਬਣਾਉਣ ਦਾ ਪਹਿਲਾ ਕਦਮ ਹੈ ਕਿ ਉਹ ਸੁਰੱਖਿਅਤ ਹਨ। ਇਹ ਕੋਰਸ ਵਿਦਿਆਰਥੀਆਂ ਨੂੰ ਉਹਨਾਂ ਦੇ ਕਾਰਜ-ਸਥਾਨ ਦੇ ਖਤਰਨਾਕ ਤੱਤਾਂ ਦੀ ਪਛਾਣ ਕਰਨ, ਮੁਲਾਂਕਣ ਕਰਨ ਅਤੇ ਉਹਨਾਂ ਨੂੰ ਨਿਯੰਤ੍ਰਿਤ ਕਰਨ ਲਈ ਲੋੜੀਂਦਾ ਵਿਹਾਰਕ ਗਿਆਨ ਪ੍ਰਦਾਨ ਕਰੇਗਾ ਤਾਂ ਜੋ ਉਹ ਖਤਰਨਾਕ ਘਟਨਾਵਾਂ ਨੂੰ ਰੋਕਣ ਵਿੱਚ ਆਪਣੀ ਭੂਮਿਕਾ ਨਿਭਾ ਸਕਣ।



ਐਮਰਜੈਂਸੀ ਫਸਟ ਏਡ: ਲੈਵਲ C ਅਤੇ AED

ਇਹ ਫਸਟ ਏਡ ਅਤੇ ਕਾਰਡੀਓਪਲਮੋਨਰੀ ਰੀਸਸੀਟੇਸ਼ਨ (CPR) ਕੋਰਸ ਬਾਲਗਾਂ, ਬੱਚਿਆਂ ਅਤੇ ਛੋਟੇ ਬਾਲਾਂ ਲਈ ਕਾਰਡੀਓਵੈਸਕੁਲਰ ਐਮਰਜੈਂਸੀਆਂ ਅਤੇ ਦਮ ਘੁੱਟਣ ਦੀ ਪਛਾਣ ਕਰ ਕੇ ਉਹਨਾਂ ਲਈ ਪ੍ਰਤਿਕਿਰਿਆ ਕਰਨ ਲਈ ਲੋੜੀਂਦੀਆਂ ਮੁਹਾਰਤਾਂ ਪ੍ਰਦਾਨ ਕਰਦਾ ਹੈ। ਇਹ ਕੋਰਸ RPM ਸੇਫਟੀ ਦੁਆਰਾ ਮੁਹੱਈਆ ਕੀਤਾ ਜਾਂਦਾ ਹੈ ਅਤੇ ਕਾਰਜ-ਸਥਾਨ ਦੀਆਂ ਲੋੜਾਂ ਲਈ ਢੁਕਵਾਂ ਹੈ।


ਫ਼ੋਨ: 204-632-6600 | ਈਮੇਲ: info@rpmsafety.ca | ਵੈੱਬ: www.rpmsafety.ca

25 Bunting Street Winnipeg, MB R2X 2P5